NEWBORN SCREENING **ONTARIO**
DÉPISTAGE NÉONATAL **ONTARIO**

# ਨਵਜੰਮੇ ਬੱਚਿਆਂ ਦੀ ਜਾਂਚ ਅਤੇ ਤੁਹਾਡਾ ਬੱਚਾ:

## ਇਕ ਸਿਹਤਮੰਦ ਸ਼ੁਰੂਆਤ ਸਿਹਤਮੰਦ ਜੀਵਨ ਵਲ ਲਿਜਾਂਦੀ ਹੈ।

### ਸ਼ੁਰੂ ਵਿੱਚ ਪਤਾ ਲੱਗਣ ਨਾਲ ਇਲਾਜ ਸ਼ੁਰੂ ਵਿੱਚ ਹੀ ਹੋ ਜਾਂਦਾ ਹੈ

ਇਕ ਨਵੇਂ ਮਾਪੇ ਜਾਂ ਬੱਚੇ ਦੇ ਜਨਮ ਦੀ ਉਡੀਕ ਕਰ ਰਹੇ ਮਾਪੇ ਵਜੋਂ ਤੁਹਾਡੇ ਲਈ ਆਪਣੇ ਬੱਚੇ ਦੀ ਸਿਹਤ ਮਹੱਤਵਪੂਰਨ ਹੈ। ਭਾਵੇਂ ਕਿ ਜਨਮ ਸਮੇਂ ਬਹੁਤ ਸਾਰੇ ਬੱਚੇ ਸਿਹਤਮੰਦ ਦਿਖਾਈ ਦਿੰਦੇ ਹਨ, ਫਿਰ ਵੀ ਉਨ੍ਹਾਂ ਨੂੰ ਗੰਭੀਰ ਸਿਹਤ ਸਮੱਸਿਆਵਾਂ ਹੋਣ ਦਾ ਖਤਰਾ ਹੋ ਸਕਦਾ ਹੈ, ਜੇ ਉਨ੍ਹਾਂ ਨੂੰ ਅਜਿਹੀ ਬੀਮਾਰੀ ਹੋਵੇ ਜਿਸ ਦਾ ਸ਼ੁਰੂ ਵਿੱਚ ਹੀ ਪਤਾ ਨਾ ਲੱਗੇ ਅਤੇ ਇਲਾਜ ਨਾ ਹੋਵੇ। ਜ਼ਿੰਦਗੀ ਦੀ ਸਭ ਤੋਂ ਚੰਗੀ ਸ਼ੁਰੂਆਤ ਕਰਨ ਵਿੱਚ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਤੁਹਾਡੇ ਨਵਜੰਮੇ ਬੱਚੇ – ਅਤੇ ਓਨਟੇਰੀਓ ਵਿੱਚ ਹਰ ਨਵਜੰਮੇ ਬੱਚੇ– ਨੂੰ ਵਿਰਲੇ ਵਿਰਲੇ ਬੱਚਿਆਂ ਨੂੰ ਲੱਗਣ ਵਾਲੀਆਂ ਗੰਭੀਰ ਬੀਮਾਰੀਆਂ ਦੀ ਜਾਂਚ ਕਰਨ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹ ਬੀਮਾਰੀਆਂ ਓਨਟੇਰੀਓ ਵਿੱਚ ਹਰ ਸਾਲ ਪੈਦਾ ਹੋਣ ਵਾਲੇ 143,000 ਦੇ ਕਰੀਬ ਬੱਚਿਆਂ ਵਿੱਚੋਂ 225 ’ਤੇ ਅਸਰ ਪਾਉਂਦੀਆਂ ਹਨ। ਇਸ ਜਾਂਚ ਦਾ ਮਕਸਦ ਇਨ੍ਹਾਂ ਬੀਮਾਰੀਆਂ ਬਾਰੇ ਸ਼ੁਰੂ ਵਿੱਚ ਹੀ ਪਤਾ ਲਾਉਣਾ ਹੈ – ਤਾਂ ਕਿ ਸ਼ੁਰੂ ਵਿੱਚ ਹੀ ਇਲਾਜ ਕੀਤਾ ਜਾ ਸਕੇ ਅਤੇ ਚੰਗੇਰੀ ਸਿਹਤ ਕਾਇਮ ਰੱਖੀ ਜਾ ਸਕੇ।

ਨਵਜੰਮੇ ਬੱਚੇ ਦੀ ਜਾਂਚ ਕਰਾਉਣਾ ਜ਼ਰੂਰੀ ਨਹੀਂ ਹੈ। ਇਸ ਨੂੰ ਹਰ ਬੱਚੇ ਲਈ ਸੰਭਾਲ ਦਾ ਆਮ (ਸਟੈਂਡਰਡ) ਪੱਧਰ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਕਰਾਉਣ ਦੀ ਪੁਰਜ਼ੋਰ ਸਿਫਾਰਿਸ਼ ਕੀਤੀ ਜਾਂਦੀ ਹੈ। ਆਪਣੇ ਨਵਜੰਮੇ ਬੱਚੇ ਦੀ ਇਹ ਜਾਂਚ ਕਰਾਉਣ ਜਾਂ ਨਾ ਕਰਾਉਣ ਦੀ ਚੋਣ ਕਰਨ ਦਾ ਤੁਹਾਨੂੰ ਅਧਿਕਾਰ ਹੈ। ਹੋ ਸਕਦਾ ਹੈ ਕਿ ਤੁਸੀਂ ਇਸ ਫੈਸਲੇ ਬਾਰੇ ਆਪਣੇ ਡਾਕਟਰ, ਦਾਈ (ਮਿੱਡ-ਵਾਈਫ) ਜਾਂ ਸਿਹਤ ਸੰਭਾਲ ਦੇਣ ਵਾਲੇ ਕਿਸੇ ਹੋਰ ਵਿਅਕਤੀ ਨਾਲ ਵਿਚਾਰ ਕਰਨਾ ਚਾਹੁੰਦੇ ਹੋਵੋਂ। ਗੰਭੀਰ ਅਤੇ ਲੰਮੇ ਸਮੇਂ ਤੱਕ ਰਹਿਣ ਵਾਲੀਆਂ ਸਿਹਤ ਸਮੱਸਿਆਵਾਂ ਦੀ ਰੋਕਥਾਮ ਕਰਨ ਲਈ ਇਨ੍ਹਾਂ ਬੀਮਾਰੀਆਂ ਵਾਲੇ ਬੱਚਿਆਂ ਬਾਰੇ ਪਤਾ ਲਾਉਣ ਦਾ ਇਕੋ ਇਕ ਢੰਗ ਨਵਜੰਮੇ ਬੱਚਿਆਂ ਦੀ ਇਹ ਜਾਂਚ ਕਰਾਉਣਾ ਹੈ।

### ਵੱਡੇ ਫਾਇਦੇ ਪਹੁੰਚਾਉਣ ਵਾਲਾ ਛੋਟਾ ਜਿਹਾ ਟੈੱਸਟ

ਜਾਂਚ ਲਈ ਟੈੱਸਟ ਕਰਨ ਲਈ ਤੁਹਾਡੇ ਬੱਚੇ ਦੇ ਖੂਨ ਦਾ ਛੋਟਾ ਜਿਹਾ ਨਮੂਨਾ ਲਿਆ ਜਾਂਦਾ ਹੈ। ਆਮ ਤੌਰ ’ਤੇ ਇਹ ਅੱਡੀ ਵਿੱਚ ਚੋਭ ਲਾ ਕੇ ਖੂਨ ਨੂੰ ਕਾਗਜ਼ ਦੇ ਇਕ ਖਾਸ ਕਾਰਡ ’ਤੇ ਜਨਮ ਤੋਂ ਬਾਅਦ ਦੇ 24-48 ਘੰਟਿਆਂ ਦੌਰਾਨ ਲਿਆ ਜਾਂਦਾ ਹੈ। ਤੁਹਾਨੂੰ ਇਕ ਜਾਣਕਾਰੀ ਵਾਲੀ ਚਿੱਠੀ ਮਿਲਣੀ ਚਾਹੀਦੀ ਹੈ ਜਿਸ ਦੇ ਸਿਰੇ ’ਤੇ ਇਕ ਰੈਫਰੈਂਸ ਨੰਬਰ ਹੁੰਦਾ ਹੈ। ਇਹ ਨੰਬਰ ਤੁਹਾਡੇ ਬੱਚੇ ਨੂੰ ਨਮੂਨੇ ਨਾਲ ਜੋੜਨ ਲਈ ਵਰਤਿਆ ਜਾ ਸਕਦਾ ਹੈ। ਨਮੂਨੇ ਨੂੰ ਫਿਰ ਨਿਊਬੌਰਨ ਸਕਰੀਨਿੰਗ ਓਨਟੇਰੀਓ (ਐੱਨ ਐੱਸ ਓ) ਨੂੰ ਭੇਜਿਆ ਜਾਂਦਾ ਹੈ, ਜਿੱਥੇ ਇਸ ਦੇ ਹੇਠਾਂ ਦਿੱਤੀਆਂ ਬੀਮਾਰੀਆਂ ਸਮੇਤ ਵਿਰਲੀਆਂ ਵਿਰਲੀਆਂ ਹੋਣ ਵਾਲੀਆਂ ਹੋਰ ਬੀਮਾਰੀਆਂ ਲਈ ਟੈੱਸਟ ਕੀਤੇ ਜਾਂਦੇ ਹਨ:

- ਮੈਟਾਬੌਲਿਕ ਡਿਜ਼ੀਜ਼ਜ਼
- ਇੰਡੋਂਕਟਰੀਨ ਡਿਜ਼ੀਜ਼ਜ਼
- ਸਿੱਕਲ ਸੈੱਲ ਡਿਜ਼ੀਜ਼ (ਐੱਸ ਸੀ ਡੀ)
- ਸਿਸਟਿਕ ਫਾਈਬ੍ਰੋਸਿਸ (ਸੀ ਐੱਫ)
- ਸੀਵੀਅਰ ਕੰਬਾਈਨਡ ਇਮਿਊਨ ਡੈਫੀਸ਼ੈਂਸੀ (ਐੱਸ ਸੀ ਆਈ ਡੀ)

ਨਵਜੰਮੇ ਬੱਚੇ ਦੀ ਜਾਂਚ ਵਿੱਚ ਕ੍ਰਿਟੀਕਲ ਕੌਨਜੈਨੀਟਲ ਹਰਟ ਡਿਜ਼ੀਜ਼ (ਸੀ ਸੀ ਐੱਚ ਡੀ) ਵੀ ਸ਼ਾਮਲ ਹੈ। ਪਲਸ ਓਕਸੀਮੈਟਰੀ ਨਾਂ ਦਾ ਇਕ ਝਟਪਟ ਕੀਤਾ ਜਾਣ ਵਾਲਾ ਅਤੇ ਦਰਦ ਰਹਿਤ ਟੈੱਸਟ ਤੁਹਾਡੇ ਬੱਚੇ ਦੇ ਖੂਨ ਵਿੱਚ ਆਕਸੀਜਨ ਦੀ ਮਾਤਰਾ ਮਿਣਦਾ ਹੈ। ਨਤੀਜਿਆਂ ਦਾ ਉਸ ਹੀ ਸਮੇਂ ਪਤਾ ਲੱਗ ਜਾਂਦਾ ਹੈ।

ਓਨਟੇਰੀਓ ਇਨਫੈਂਟ ਹੀਅਰਿੰਗ ਪ੍ਰੋਗਰਾਮ ਨਾਲ ਮਿਲ ਕੇ ਐੱਨ ਐੱਸ ਓ ਨਵਜੰਮੇ ਬੱਚੇ ਦੀ ਜਾਂਚ ਦੇ ਨਮੂਨੇ ਦੀ ਵਰਤੋਂ ਕਰਕੇ ਸੁਣਨ ਸ਼ਕਤੀ ਦੀ ਘਾਟ ਨਾਲ ਸੰਬੰਧਤ ਖਤਰਿਆਂ ਲਈ ਜਾਂਚ ਕਰਦਾ ਹੈ। ਇਹ ਵਾਧੂ ਟੈੱਸਟ ਸੁਣਨ ਸ਼ਕਤੀ ਦੀ ਜਾਂਚ ਸਮੇਂ ਮਾਪੇ ਜਾਂ ਗਾਰਡੀਅਨ ਵਲੋਂ ਦਿੱਤੀ ਸਹਿਮਤੀ ਨਾਲ ਕੀਤੇ ਜਾਂਦੇ ਹਨ।

ਬੀਮਾਰੀਆਂ ਦੀ ਪੂਰਨ ਲਿਸਟ ਐੱਨ ਐੱਸ ਓ ਦੇ ਵੈੱਬਸਾਈਟ www.newbornscreening.on.ca ’ਤੇ ਮਿਲਦੀ ਹੈ।

Ontario

**PUNJABI** - NEWBORN SCREENING AND YOUR BABY: A healthy start leads to a healthier life - Catalogue No. 026909 ISBN 978-1-4868-3046-6 April 2019 © Queen's Printer for Ontario

## ਜਾਂਚ ਦੇ ਨਤੀਜੇ: ਵੱਧ ਖਤਰਾ ਹੋਣਾ ਅਤੇ ਘੱਟ ਖਤਰਾ ਹੋਣਾ

ਜਾਂਚ ਦੇ ਨਤੀਜੇ ਇਹ ਦੱਸਣਗੇ ਕਿ ਕੀ ਤੁਹਾਡੇ ਬੱਚੇ ਨੂੰ ਇਹ ਬੀਮਾਰੀਆਂ ਲੱਗਣ ਦਾ ਵੱਧ ਖਤਰਾ ਹੈ ਜਾਂ ਘੱਟ ਖਤਰਾ , ਪਰ ਉਹ ਬੀਮਾਰੀ ਹੈ ਜਾਂ ਨਹੀਂ ਹੈ ਦੱਸਣ ਵਾਲੇ ਟੈੱਸਟ (ਜਿਨ੍ਹਾਂ ਨੂੰ ਰੋਗ ਦੀ ਪਛਾਣ ਕਰਨ ਵਾਲੇ ਟੈੱਸਟ ਵੀ ਕਿਹਾ ਜਾਂਦਾ ਹੈ) ਨਹੀਂ ਹਨ। ਜੇ ਕਿਸੇ ਸਮੇਂ ਵੀ ਤੁਹਾਡੇ ਬੱਚੇ ਵਿੱਚ ਬੀਮਾਰੀ ਦੇ ਲੱਛਣ ਪੈਦਾ ਹੋ ਜਾਣ ਤਾਂ ਰੋਗ ਦੀ ਪਛਾਣ ਕਰਨ ਲਈ ਤੁਹਾਡੇ ਬੱਚੇ ਦੇ ਡਾਕਟਰ ਨੂੰ ਢੁਕਵੇਂ ਟੈੱਸਟ ਕਰਨੇ ਚਾਹੀਦੇ ਹਨ। ਕਿਰਪਾ ਕਰਕੇ ਇਸ ਗੱਲ ਦਾ ਖਿਆਲ ਰੱਖੋ ਕਿ ਨਵਜੰਮੇ ਬੱਚੇ ਦੀ ਇਹ ਜਾਂਚ ਸਾਰੀਆਂ ਗੰਭੀਰ ਡਾਕਟਰੀ ਸਮੱਸਿਆਵਾਂ ਲਈ ਟੈੱਸਟ ਨਹੀਂ ਕਰਦੀ।

**ਜਾਂਚ ਦਾ ਨੈਗੇਟਿਵ ਨਤੀਜਾ** ਆਉਣ ਦਾ ਮਤਲਬ ਇਹ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਵਿੱਚੋਂ ਕੋਈ ਬੀਮਾਰੀ ਹੋਣ ਦਾ ਖਤਰਾ ਬਹੁਤ ਹੀ ਘੱਟ ਹੈ ਅਤੇ ਇਸ ਤੋਂ ਬਾਅਦ ਹੋਰ ਟੈੱਸਟ ਕਰਨ ਦੀ ਲੋੜ ਨਹੀਂ ਹੈ। 99 ਪ੍ਰਤੀਸ਼ੱਤ ਤੋਂ ਜ਼ਿਆਦਾ ਬੱਚਿਆਂ ਦੀ ਜਾਂਚ ਦਾ ਨਤੀਜਾ ਨੈਗੇਟਿਵ ਆਉਂਦਾ ਹੈ।

**ਜਾਂਚ ਦਾ ਪੌਜ਼ੇਟਿਵ ਨਤੀਜਾ** ਆਉਣ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਵਿੱਚੋਂ ਕੋਈ ਬੀਮਾਰੀ ਹੋਣ ਦਾ ਖਤਰਾ ਜ਼ਿਆਦਾ ਹੈ ਅਤੇ ਇਸ ਤੋਂ ਬਾਅਦ ਹੋਰ ਟੈੱਸਟ ਕਰਨ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਕੋਈ ਬੀਮਾਰੀ ਹੈ। ਇਸ ਹਾਲਤ ਵਿੱਚ, ਨਵਜੰਮੇ ਬੱਚੇ ਦੀ ਜਾਂਚ (ਨਿਊਬੌਰਨ ਸਕਰੀਨਿੰਗ ਓਨਟੇਰੀਓ – ਐੱਨ ਐੱਸ ਓ) ਦੇ ਡਾਕਟਰ ਇਸ ਤੋਂ ਬਾਅਦ ਕੀਤੇ ਜਾਣ ਵਾਲੇ ਹੋਰ ਟੈੱਸਟਾਂ ਲਈ ਤੁਹਾਡੇ ਬੱਚੇ ਨੂੰ ਕਿਸੇ ਸਪੈਸ਼ਲਿਸਟ ਕੋਲ ਭੇਜਣਗੇ। ਜੇ ਤੁਹਾਡੇ ਬੱਚੇ ਦੀ ਜਾਂਚ ਦੇ ਟੈੱਸਟ ਪੌਜ਼ੇਟਿਵ ਹੋਣ ਤਾਂ ਤੁਹਾਡੇ ਨਾਲ ਤੁਹਾਨੂੰ ਸਿਹਤ ਸੇਵਾਵਾਂ ਦੇਣ ਵਾਲੇ ਵਿਅਕਤੀ (ਹੈਲਥ ਕੇਅਰ ਪ੍ਰੋਵਾਈਡਰ- ਐੱਚ ਸੀ ਪੀ) ਜਾਂ ਸਪੈਸ਼ਲਿਸਟ ਵਲੋਂ ਸੰਪਰਕ ਕੀਤਾ ਜਾਵੇਗਾ। ਜੇ ਤੁਹਾਡੇ ਬੱਚੇ ਨੂੰ ਸਿਹਤ ਸੇਵਾਵਾਂ ਦੇਣ ਵਾਲੇ ਵਿਅਕਤੀ ਨੂੰ ਤੁਹਾਡੇ ਬੱਚੇ ਦੀ ਕ੍ਰਿਟੀਕਲ ਕੌਨਜੈਨੀਟਲ ਹਰਟ ਡਿਜ਼ੀਜ਼ (ਸੀ ਸੀ ਐੱਚ ਡੀ) ਦੀ ਜਾਂਚ ਦੇ ਨਤੀਜਿਆਂ ਬਾਰੇ ਫਿਕਰ ਹੋਣ ਤਾਂ ਉਹ ਜਾਂਚ ਦੇ ਸਮੇਂ ਹੋਰ ਟੈੱਸਟ ਕਰਨ ਦਾ ਪ੍ਰਬੰਧ ਕਰਨਗੇ।

**ਹੋ ਸਕਦਾ ਹੈ ਕਿ ਜਾਂਚ ਲਈ ਨਵਾਂ ਨਮੂਨਾ ਲੈਣ ਲਈ ਤੁਹਾਨੂੰ ਆਪਣੇ ਬੱਚੇ ਨੂੰ ਵਾਪਸ ਲਿਆਉਣ ਲਈ ਕਿਹਾ ਜਾਵੇ। ਇਹ ਤਾਂ ਹੋਵੇਗਾ ਜੇ:**

- ਤੁਹਾਡੇ ਬੱਚੇ ਦਾ ਪਹਿਲਾ ਨਮੂਨਾ (ਸੈਂਪਲ) 24 ਘੰਟੇ ਤੋਂ ਘੱਟ ਉਮਰ ਵਿੱਚ ਲਿਆ ਗਿਆ ਹੋਵੇ
- ਲੋੜ ਜੋਗਾ ਖੂਨ ਨਾ ਲਿਆ ਗਿਆ ਹੋਵੇ
- ਨਮੂਨੇ ਦੀ ਕੁਆਲਟੀ ਘਟੀਆ ਹੋਵੇ

ਜੇ ਦੁਬਾਰਾ ਨਮੂਨਾ ਲੈਣ ਦੀ ਲੋੜ ਹੋਵੇ ਤਾਂ ਤੁਹਾਡਾ ਹਸਪਤਾਲ ਜਾਂ ਮਿੱਡ-ਵਾਈਫ ਤੁਹਾਡੇ ਨਾਲ ਸੰਪਰਕ ਕਰੇਗੀ। ਇਹ ਜ਼ਰੂਰੀ ਹੈ ਕਿ ਦੁਬਾਰਾ ਲਿਆ ਜਾਣ ਵਾਲਾ ਨਮੂਨਾ ਛੇਤੀ ਤੋਂ ਛੇਤੀ ਲਿਆ ਜਾਵੇ ਤਾਂ ਕਿ ਤੁਹਾਡੇ ਬੱਚੇ ਨੂੰ ਨਵਜੰਮੇ ਬੱਚੇ ਦੀ ਜਾਂਚ (ਨਿਊ ਬੌਰਨ ਸਕਰੀਨਿੰਗ) ਦਾ ਪੂਰਾ ਫਾਇਦਾ ਮਿਲ ਸਕੇ। ਦੁਬਾਰਾ ਨਮੂਨਾ ਲੈਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਵਿੱਚ ਕੋਈ ਨੁਕਸ ਹੈ।

ਕਈ ਬੱਚਿਆਂ ਵਿੱਚ ਅਧੂਰੀ ਹੋਣ ਕਰਕੇ ਸੀ ਸੀ ਐੱਚ ਡੀ ਲਈ ਜਾਂਚ ਨੂੰ ਦੁਬਾਰਾ ਕਰਨ ਦੀ ਲੋੜ ਹੋ ਸਕਦੀ ਹੈ। ਜੇ ਤੁਹਾਡੇ ਬੱਚੇ ਦੀ ਸੀ ਸੀ ਐੱਚ ਡੀ ਜਾਂਚ ਅਧੂਰੀ ਹੋਵੇ, ਤਾਂ ਤੁਹਾਨੂੰ ਤੁਹਾਡਾ ਐੱਚ ਸੀ ਪੀ (ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲਾ) ਜਾਂ ਉਹ ਹਸਪਤਾਲ ਸੰਪਰਕ ਕਰੇਗਾ ਜਿਸ ਨੇ ਅਗਲੇ ਕਦਮਾਂ ਲਈ ਜਾਂਚ ਕੀਤੀ ਹੋਵੇ।

ਨਤੀਜੇ ਓਨਟੇਰੀਓ ਲੈਬਾਰਟਰੀਜ਼ ਇਨਫਰਮੇਸ਼ਨ ਸਿਸਟਮ (ਓ ਐੱਲ ਆਈ ਐੱਸ) ਵਲੋਂ ਡਾਕ ਰਾਹੀਂ ਜਾਂ ਬਿਜਲਈ ਢੰਗ ਨਾਲ (ਇਲੈਕਟ੍ਰੌਨਿਕਲੀ) ਉਸ ਹਸਪਤਾਲ ਜਾਂ ਐੱਚ ਸੀ ਪੀ ਕੋਲ ਜਾਂਦੇ ਹਨ, ਜਿਸ ਨੇ ਟੈੱਸਟ ਕੀਤਾ ਹੁੰਦਾ ਹੈ। ਤੁਹਾਡੇ ਬੱਚੇ ਦਾ ਐੱਚ ਸੀ ਪੀ ਵੀ ਓ ਐੱਲ ਆਈ ਐੱਸ ਰਾਹੀਂ ਨਤੀਜੇ ਲੈਣ ਦੇ ਯੋਗ ਹੋ ਸਕਦਾ ਹੈ। ਐੱਨ ਐੱਸ ਓ ਮਾਪਿਆਂ/ਗਾਰਡੀਅਨਾਂ ਨੂੰ ਸਿੱਧਿਆਂ ਹੀ ਨਤੀਜੇ ਨਹੀਂ ਦਿੰਦਾ।

## ਕੀ ਇਹਨਾਂ ਬੀਮਾਰੀਆਂ ਲਈ ਜਾਂਚ ਕੋਈ ਹੋਰ ਚੀਜ਼ ਵੀ ਲੱਭੇਗੀ?

ਕਈ ਵਾਰੀ ਜਾਂਚ ਇਹ ਵੀ ਦੱਸ ਸਕਦੀ ਹੈ ਕਿ ਬੱਚੇ ਨੂੰ ਕੋਈ ਉਹ ਬੀਮਾਰੀ ਹੈ ਜਿਸ ਲਈ ਜਾਂਚ ਨਾ ਕੀਤੀ ਗਈ ਹੋਵੇ। ਜੇ ਇਸ ਤਰ੍ਹਾਂ ਦਾ ਕੁਝ ਲੱਭੇ ਤਾਂ ਕੋਈ ਸਪੈਸ਼ਲਿਸਟ ਇਸ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਕੁਝ ਬੀਮਾਰੀਆਂ ਬਾਰੇ ਜਾਂਚ ਤੁਹਾਡੇ ਬੱਚੇ ਦੇ 'ਕੈਰੀਅਰ' (ਜਿਸ ਨੂੰ 'ਟ੍ਰੇਟ' ਵੀ ਕਿਹਾ ਜਾਂਦਾ ਹੈ) ਹੋਣ ਬਾਰੇ ਵੀ ਦਸ ਸਕਦੀ ਹੈ। 'ਕੈਰੀਅਰ' ਹੋਣ ਵਾਲੇ ਬੱਚੇ ਸਿਹਤਮੰਦ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਖਾਸ ਮੈਡੀਕਲ ਇਲਾਜ ਦੀ ਲੋੜ ਨਹੀਂ ਹੁੰਦੀ। ਕੈਰੀਅਰ ਬਾਰੇ ਨਤੀਜੇ ਬੇਨਤੀ ਕਰਨ 'ਤੇ ਮਿਲ ਸਕਦੇ ਹਨ। ਆਪਣੇ ਬੱਚੇ ਦੇ 'ਕੈਰੀਅਰ' ਨਤੀਜੇ ਲੈਣ ਬਾਰੇ ਜਾਣਕਾਰੀ ਐੱਨ ਐੱਸ ਓ ਦੇ ਵੈੱਬਸਾਈਟ 'ਤੇ ਮਿਲਦੀ ਹੈ – ਜਾਂ ਆਪਣੇ ਬੱਚੇ ਨੂੰ ਸਿਹਤ ਸੇਵਾਵਾਂ ਦੇਣ ਵਾਲੇ ਵਿਅਕਤੀ ਨੂੰ ਪੁੱਛੋ।

## ਤੁਹਾਡੇ ਬੱਚੇ ਦੀ ਪ੍ਰਾਈਵੇਸੀ ਅਤੇ ਭੇਤਦਾਰੀ ਨੂੰ ਸੁਰੱਖਿਅਤ ਕਰਨਾ

ਨਿਊਬੌਰਨ ਸਕਰੀਨਿੰਗ ਓਨਟੇਰੀਓ (ਐੱਨ ਐੱਸ ਓ) ਖੂਨ ਦੇ ਨਮੂਨਿਆਂ ਨੂੰ ਇਕੱਤਰ ਕਰਨ ਅਤੇ ਉਨ੍ਹਾਂ ਦੀ ਵਰਤੋਂ ਕਰਨ ਨਾਲ ਸੰਬੰਧਤ ਕਾਨੂੰਨਾਂ ਅਨੁਸਾਰ ਤੁਹਾਡੇ ਬੱਚੇ ਦੇ ਖੂਨ ਦੇ ਨਮੂਨੇ ਅਤੇ ਜਾਣਕਾਰੀ ਨੂੰ ਸੁਰੱਖਿਅਤ ਅਤੇ ਗੁਪਤ ਰੱਖਣ ਲਈ ਵਚਨਬੱਧ ਹੈ। ਉਹ ਸਿਹਤ ਦੀ ਸੰਭਾਲ ਦੇਣ ਲਈ, ਕੁਆਲਟੀ ਵਧਾਉਣ ਲਈ ਅਤੇ ਖੋਜ ਲਈ ਵਰਤੇ ਜਾ ਸਕਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ ਬੱਚੇ ਨੂੰ ਲੋੜੀਂਦੀ ਸੰਭਾਲ ਮਿਲੇ ਅਤੇ ਉਸ ਦੀ ਲੋੜੀਂਦੀ ਪੈਰਵਾਈ ਹੋਵੇ, ਨਿੱਜੀ ਜਾਣਕਾਰੀ (ਪਰਸਨਲ ਹੈਲਥ ਇਨਫਰਮੇਸ਼ਨ- ਪੀ ਐੱਚ ਆਈ) ਨਵਜੰਮੇ ਬੱਚੇ ਦੀ ਜਾਂਚ ਅਤੇ ਰੋਗ ਪਛਾਣ ਵਿੱਚ ਸ਼ਾਮਲ ਸਿਹਤ ਸੰਭਾਲ ਦੇਣ ਵਾਲਿਆਂ ਵਿਚਕਾਰ ਸਾਂਝੀ ਕੀਤੀ ਜਾਂਦੀ ਹੈ। ਨਿੱਜੀ ਜਾਣਕਾਰੀ ਓਨਟੇਰੀਓ ਲੈਬਾਰਟਰੀਜ਼ ਸਿਸਟਮ (ਓ ਐੱਲ ਆਈ ਐੱਸ) ਅੰਦਰ ਵੀ ਸਾਂਝੀ ਕੀਤੀ ਜਾਂਦੀ ਹੈ। ਜੇ ਤੁਸੀਂ ਨਹੀਂ ਚਾਹੁੰਦੇ ਕਿ ਇਹ ਜਾਣਕਾਰੀ ਸਾਂਝੀ ਕੀਤੀ ਜਾਵੇ ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਸਿਹਤ ਸੰਭਾਲ ਦੇਣ ਵਾਲੇ ਵਿਅਕਤੀ ਨੂੰ ਦੱਸੋ ਅਤੇ/ਜਾਂ ਐੱਨ ਐੱਸ ਓ ਨਾਲ ਸੰਪਰਕ ਕਰੋ।

ਟੈੱਸਟਾ ਦੇ ਮੁਕੰਮਲ ਹੋਣ ’ਤੇ ਤੁਹਾਡੇ ਬੱਚੇ ਦਾ ਨਮੂਨਾ ਉਸ ਦੇ ਮੈਡੀਕਲ ਰਿਕਾਰਡ ਦੇ ਹਿੱਸੇ ਵਜੋਂ ਸੁਰੱਖਿਅਤ ਥਾਂ ਵਿੱਚ ਰੱਖਿਆ ਜਾਂਦਾ ਹੈ। ਇਹ 19 ਸਾਲਾਂ ਤੱਕ ਰੱਖਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਨਸ਼ਟ ਕਰ ਦਿੱਤਾ ਜਾਂਦਾ ਹੈ। ਨਮੂਨਿਆਂ ਨੂੰ ਇਹ ਯਕੀਨੀ ਬਣਾਉਣ ਲਈ ਸੰਭਾਲਿਆ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਨਵਜੰਮੇ ਬੱਚੇ ਦੀ ਜਾਂਚ ਦੇ ਟੈੱਸਟਾਂ ਦੀ ਕੁਆਲਟੀ ਯਕੀਨੀ ਬਣਾਉਣ ਲਈ ਵਰਤਿਆ ਜਾ ਸਕੇ। ਇਸ ਨਾਲ ਤੁਹਾਡੇ ਅਤੇ ਓਨਟੇਰੀਓ ਦੇ ਸਾਰੇ ਬੱਚਿਆਂ ਨੂੰ ਫਾਇਦਾ ਹੋ ਸਕਦਾ ਹੈ। ਨਮੂਨੇ ਦੀ ਇਕ ਹੋਰ ਸੰਭਾਵੀ ਵਰਤੋਂ ਓਨਟੇਰੀਓ ਇਨਫੈਂਟ ਹੀਅਰਿੰਗ ਪ੍ਰੋਗਰਾਮ (ਓਨਟੇਰੀਓ ਦੇ ਬਾਲਾਂ ਦੀ ਸੁਣਨ-ਸ਼ਕਤੀ ਦੇ ਪ੍ਰੋਗਰਾਮ) ਨਾਲ ਮਿਲ ਕੇ ਐਕਸਪੈਂਡਿੱਡ ਹੀਅਰਿੰਗ ਸਕਰੀਨਿੰਗ (ਸੁਣਨ ਸ਼ਕਤੀ ਦੀ ਜਾਂਚ) ਬਾਰੇ ਟੈੱਸਟ ਕਰਨਾ ਹੋ ਸਕਦੀ ਹੈ। ਇਹ ਸਿਰਫ ਤੁਹਾਡੀ ਸਹਿਮਤੀ ਦੇ ਨਾਲ ਹੀ ਕੀਤਾ ਜਾਵੇਗਾ। ਭਵਿੱਖ ਵਿੱਚ ਤੁਹਾਡੇ ਬੱਚੇ ਦੇ ਨਮੂਨੇ ਦੀ ਉਸ ਦੇ ਡਾਕਟਰ ਨੂੰ ਹੋਰ ਟੈੱਸਟ ਕਰਨ ਲਈ ਲੋੜ ਹੋ ਸਕਦੀ ਹੈ। ਨਮੂਨੇ ਨੂੰ ਸੰਭਾਲਣ ਦਾ ਮਤਲਬ ਹੈ ਕਿ ਜੇ ਲੋੜ ਹੋਵੇ ਤਾਂ ਇਹ ਉੱਥੇ ਮਿਲ ਸਕੇ। ਸੰਭਾਲੇ ਗਏ ਨਮੂਨੇ ਦੀ ਹੋਰ ਸੰਭਾਵੀ ਵਰਤੋਂ ਵਿੱਚ ਤੁਹਾਡੀ ਸਹਿਮਤੀ ਨਾਲ ਹੋਰ ਲੈਬਾਰਟਰੀਆਂ ਵੱਲੋਂ ਟੈੱਸਟ ਕਰਨਾ, ਐੱਨ ਐੱਸ ਓ ਦੇ ਨਵੇਂ ਅਤੇ ਸੁਧਰੇ ਹੋਏ ਟੈਸਟ ਵਿਕਸਤ ਕਰਨਾ, ਕਾਨੂੰਨੀ ਵਾਰੰਟ ਜਾਂ ਅਦਾਲਤ ਦੇ ਹੁਕਮ ਅਨੁਸਾਰ ਵਰਤੋਂ ਅਤੇ ਰਿਸਰਚ ਐਥਿਕਸ ਬੋਰਡ ਵਲੋਂ ਮਾਨਤਾ ਪ੍ਰਾਪਤ ਖੋਜ ਕਰਨਾ ਸ਼ਾਮਲ ਹੋ ਸਕਦਾ ਹੈ। ਆਮ ਤੌਰ ’ਤੇ ਤੁਹਾਡੇ ਬੱਚੇ ਨੂੰ ਨਵਜੰਮੇ ਬੱਚੇ ਦੀ ਜਾਂਚ ਦੇ ਨਮੂਨੇ ਨਾਲ ਜੋੜਨ ਵਾਲੀ ਜਾਣਕਾਰੀ ਨੂੰ ਤਾਂ ਹੀ ਸਾਂਝੀ ਕੀਤਾ ਜਾ ਸਕਦਾ ਹੈ ਜੇ ਤੁਸੀਂ ਉਸ ਲਈ ਲਿਖਤੀ ਤੌਰ ’ਤੇ ਸਹਿਮਤ ਹੋਵੋ ਜਾਂ ਅਜਿਹਾ ਕਰਨ ਦੀ ਕਾਨੂੰਨੀ ਸ਼ਰਤ ਹੋਵੇ।

ਜੇ ਤੁਸੀਂ ਚਾਹੁੰਦੇ ਹੋਵੋ ਕਿ ਤੁਹਾਡੇ ਬੱਚੇ ਦੇ ਨਮੂਨੇ ਨੂੰ ਸੰਭਾਲ ਕੇ ਨਾ ਰੱਖਿਆ ਜਾਵੇ, ਤਾਂ ਤੁਸੀਂ ਐੱਨ ਐੱਸ ਓ ਨੂੰ ਨਮੂਨੇ ਨੂੰ ਨਸ਼ਟ ਕਰਨ ਲਈ ਕਹਿ ਸਕਦੇ ਹੋ ਜਾਂ ਇਹ ਕਹਿ ਸਕਦੇ ਹੋ ਕਿ ਉਹ ਇਹ ਨਮੂਨਾ ਤੁਹਾਨੂੰ ਦੇ ਦੇਵੇ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਐੱਨ ਐੱਸ ਓ ਨਾਲ ਸੰਪਰਕ ਕਰੋ।

## ਹੋਰ ਜਾਣਕਾਰੀ ਲਈ

ਜੇ ਓਨਟੇਰੀਓ ਵਿਚਲੀ ਨਵਜੰਮੇ ਬੱਚੇ ਦੀ ਜਾਂਚ ਬਾਰੇ ਤੁਹਾਡਾ ਕੋਈ ਸਵਾਲ ਹੋਵੇ ਤਾਂ ਆਪਣੇ ਸਿਹਤ ਸੇਵਾਵਾਂ ਦੇਣ ਵਾਲੇ ਵਿਅਕਤੀ ਨਾਲ ਗੱਲ ਕਰੋ ਜਾਂ *ਨਿਊਬੌਰਨ ਸਕਰੀਨਿੰਗ ਓਨਟੇਰੀਓ* ਨਾਲ ਸਿੱਧਾ ਸੰਪਰਕ ਕਰੋ।

**ਵੈੱਬਸਾਈਟ**
www.newbornscreening.on.ca

**ਫੋਨ**
ਮੁਫਤ: 1-877-NBS-8330
(1-877-627-8330)
8:00 AM – 16:00 PM

**ਈਮੇਲ**
NSO@cheo.on.ca

**ਡਾਕ**
Newborn Screening Ontario
Children’s Hospital of Eastern Ontario
415 Smyth Road
Ottawa, Ontario K1H 8M8

**ਯੂਟਿਊਬ**
Youtube.com/user/NBSOntario

**ਟਵਿਟਰ**
@NBS_Ontario